**ਸ੍ਰੀ ਅਕਾਲ ਪੁਰਖ ਜੀ ਵੱਲੋਂ ਚੂਲੇ ਵਰਤਾ ਕੇ ਬਖਸ਼ਿਸ਼ਾਂ ਕਰਨੀਆਂ:**

ਇਕੱਲਾ-ਇਕੱਲਾ ਪ੍ਰਾਣੀ ਅੰਮ੍ਰਿਤ ਵਾਲੇ ਬਾਟੇ ਕੋਲ ਬੀਰ ਆਸਣ ਵਿੱਚ ਆ ਕੇ ਬੈਠਦਾ ਹੈ। ਉਸਨੂੰ ਪੰਜ ਅੰਮ੍ਰਿਤ ਦੇ ਚੂਲੇ ਛਕਣ ਵਾਸਤੇ, ਪੰਜ ਓਹਦੇ ਨੇਤਰਾਂ ਵਿੱਚ ਅਤੇ ਪੰਜ ਅੰਮ੍ਰਿਤ ਦੇ ਚੂਲੇ ਪ੍ਰਾਣੀ ਦੇ ਸੀਸ ਵਿੱਚ ਪੰਜ ਪਿਆਰੇ ਸਾਹਿਬਾਨ ਜੀ ਵੱਲੋਂ ਫਤਹਿ ਬੁਲਾ ਬੁਲਾਕੇ ਬੀਰ ਰਸ ਵਿੱਚ ਪਾਏ ਜਾਂਦੇ ਹਨ। ਇਸ ਵੇਲੇ ਗੁਰੂ ਦਰਬਾਰ ਛਕਣ ਵਾਲੇ ਪਾਸੇ ਫਤਹਿ ਦੀ ਗੂੰਜ ਅਤੇ ਜਿਹੜੇ ਪਾਸੇ ਸੰਗਤ ਛਕਕੇ ਬੈਠ ਰਹੀ ਹੁੰਦੀ ਹੈ, ਉਧਰ ਜਪਣ ਦੀ ਗੂੰਜ ਪੈਣ ਲਗਦੀ ਹੈ।

ਜਦ ਅੰਮ੍ਰਿਤ ਦਾ ਪਹਿਲਾ ਚੂਲਾ ਪ੍ਰਾਣੀ ਦੇ ਅੰਦਰ ਜਾਂਦਾ ਹੈ ਤਾਂ ਸਮਝੋ ਬਿਜਲੀ ਦਾ ਕਰੰਟ ਲੱਗਣ ਵਾਂਗ ਓਹਦਾ ਸਾਰਾ ਸਰੀਰ ਥਰਥਰਾ ਜਾਂਦਾ ਹੈ। ਜਿਵੇਂ ਜਿਵੇਂ ਸ੍ਰੀ ਅਕਾਲ ਪੁਰਖ ਜੀ, ਪੰਜ ਪਿਆਰੇ ਸਾਹਿਬਾਨ ਦੇ ਰਾਹੀਂ ਪ੍ਰਾਣੀ ਨੂੰ ਬੋਲ "ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥" ਕਹਿ ਕੇ ਅੰਮ੍ਰਿਤ ਦੇ ਚੂਲੇ ਛਕਣ ਲਈ ਦੇਈ ਜਾਂਦੇ ਨੇ, ਤਿਵੇਂ ਤਿਵੇਂ ਪ੍ਰਾਣੀ ਅੰਦਰ ਇੱਕ ਵੱਖਰੀ ਹੀ ਸ਼ਕਤੀ ਭਰਦੀ ਜਾਂਦੀ ਹੈ।

ਅਕਾਸ਼ ਲੋਕ ਵਿੱਚ ਜਮਾਂ ਨੂੰ ਗੱਲਾਂ ਸੁਣਨੀਆਂ ਪੈ ਰਹੀਆਂ ਹੁੰਦੀਆਂ ਨੇ ਕਿ ਹੁਣ ਜਿਸ ਜਿਸ ਸਿੱਖ ਨੇ ਅੰਮ੍ਰਿਤ ਛਕਿਆ ਹੈ, ਇਹਨਾਂ ਅੰਦਰੋਂ ਤਾਂ ਜਮਾਂ ਦਾ ਤਾਂ ਕੀ, ਮੌਤ ਦਾ ਵੀ ਡਰ ਉਡ ਗਿਆ। ਜਮਦੂਤੋ ਤੁਸੀਂ ਹੁਣ ਇਹਨਾਂ ਵੱਲ ਅੱਖ ਚੁੱਕ ਕੇ ਵੀ ਨਹੀਂ ਵੇਖ ਸਕਦੇ। ਅੰਮ੍ਰਿਤ ਛਕਣ ਵਾਲੇ ਹੁਣ ਦੁਸਟ ਦਮਨ ਜੀ ਦੇ ਧੀਆਂ ਪੁੱਤ ਬਣ ਗਏ ਨੇ। ਅੰਮ੍ਰਿਤ ਛਕਣ ਤੋਂ ਬਾਅਦ ਹੁਣ ਇਹ ਆਪਣਾ ਬੰਦ ਬੰਦ ਤਾਂ ਕਟਵਾ ਸਕਣਗੇ, ਪਰ ਕਿਤੋਂ ਵੀ ਹਾਰ ਨਹੀਂ ਸਕਣਗੇ। ਦੁਸਟ ਦਮਨ ਜੀ ਨੇ ਆਪਣੀ ਸਾਰੀ ਹੀ ਸ਼ਕਤੀ ਐਸੀ ਭਰੀ ਅੰਮ੍ਰਿਤ ਵਿੱਚ ਇਹ 'ਕੱਲਾ 'ਕੱਲਾ ਲੱਖਾਂ ਨਾਲ ਲੜਣ ਦੇ ਕਾਬਿਲ ਹੋ ਗਿਆ ਹੈ।

**ਬਚਨ ਸ੍ਰੀ ਅਕਾਲ ਪੁਰਖ ਜੀ ਕੇ:**

ਸ੍ਰੀ ਅਕਾਲ ਪੁਰਖ ਵਾਹਿਗੁਰੂ ਜੀ, ਪੰਜਾਂ ਪਿਆਰਿਆਂ ਰਾਹੀਂ ਪ੍ਰਾਣੀ ਨੂੰ ਅੰਮ੍ਰਿਤ ਦੇ ਪੰਜ ਚੂਲੇ ਬਖਸ਼ਕੇ ਹੁਕਮ ਕਰਦੇ ਨੇ ਕਿ, ਅੰਮ੍ਰਿਤ ਹੁਣ ਤੇਰੇ ਅੰਦਰ ਚਲਿਆ ਗਿਆ, ਤੂੰ ਜੋ ਵੀ ਹੁਣ ਛਕਣਾ, ਓਹ ਵੀ ਇੰਜ ਬਾਣੀ ਪੜ੍ਹਕੇ ਤਿਆਰ ਹੋਇਆ ਹੀ ਛਕਣਾ ਹੈ। ਜੰਮਣ ਤੋਂ ਲੈ ਕੇ ਹੁਣ ਤੱਕ ਤੈਂ ਜਿੰਨੀ ਵੀ ਜ਼ਹਿਰ ਖਾਧੀ ਸੀ, ਤੇਰੀ ਉਹ ਸਾਰੀ ਜ਼ਹਿਰ ਇਨ੍ਹਾਂ ਪੰਜ ਚੂਲਿਆਂ ਨੇ ਤੇਰੇ ਅੰਦਰੋਂ ਮੁਕਾ ਦਿੱਤੀ ਆ। ਹੁਣ ਤੈਂ ਜੋ ਵੀ ਛਕਣਾ, ਓਹ ਬਾਣੀ ਪੜ੍ਹਕੇ ਤਿਆਰ ਹੋਇਆ ਅੰਮ੍ਰਿਤਮਈ ਭੋਜਨ ਹੀ ਛਕਣਾ। ਬਿਨਾਂ

ਜਪੇ ਅੱਜ ਤੋਂ ਬਾਅਦ ਕਦੇ ਵੀ ਛਕਣਾ ਨਹੀਂ, ਜਿੰਨੀ ਦੇਰ ਤੂੰ ਜਪ ਕੇ ਛਕੇਂਗਾ, ਓਨੀ ਦੇਰ ਤੇਰਾ ਵਾਲ਼ ਵੀ ਵਿੰਗਾ ਨਹੀਂ ਹੋ ਸਕਦਾ।

ਫਿਰ ਸ੍ਰੀ ਅਕਾਲ ਪੁਰਖ ਵਾਹਿਗੁਰੂ ਜੀ ਪੰਜਾਂ ਪਿਆਰਿਆਂ ਰਾਹੀਂ ਬੀਰ ਆਸਣ ਵਿੱਚ ਬੈਠੇ ਪ੍ਰਾਣੀ ਦੇ ਨੇਤਰਾਂ ਦੀ ਜ਼ਹਿਰ ਖਤਮ ਕਰਨ ਲਈ "ਬੋਲ ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥" ਕਹਿਕੇ ਪੰਜ ਅੰਮ੍ਰਿਤ ਦੇ ਚੂਲੇ ਨੇਤਰਾਂ ਓਹਦੇ ਬਖਸ਼ਕੇ ਬਚਨ ਕਰਦੇ ਆ ਕਿ, ਤੈਂ ਹੁਣ ਤੱਕ ਜਿੰਨੀ ਵੀ ਜ਼ਹਿਰ ਇਹਨਾਂ ਅੱਖਾਂ ਰਾਹੀਂ ਵੇਖੀ ਸੀ, ਤੇਰੀ ਉਹ ਸਾਰੀ ਜ਼ਹਿਰ, ਅੰਮ੍ਰਿਤ ਦੇ ਪੰਜ ਚੂਲੇ ਤੇਰੀਆਂ ਅੱਖਾਂ ਵਿੱਚ ਪਾ ਕੇ, ਮੈਂ ਖਤਮ ਕਰ ਦਿੱਤੀ ਆ। ਹੁਣ ਤੇਰੀ ਤੱਕਣੀ ਵਿੱਚ ਵੀ ਅੰਮ੍ਰਿਤ ਹੋਏਗਾ। ਹੁਣ ਤੈਂ ਜਿਸ ਵੱਲ ਵੀ ਵੇਖਣਾ ਹੈ, ਓਸੇ ਵਿੱਚੋਂ ਹੀ ਤੈਨੂੰ ਤੇਰੇ ਗੁਰੂ ਦੀ ਝਲਕ ਝਲਕੇਗਾ। ਇਹਨਾਂ ਅੱਖਾਂ ਨਾਲ ਹੁਣ ਸਦਾ ਬਾਣੀ ਹੀ ਪੜ੍ਹਣੀ ਹੈ। ਜਿੰਨੀ ਦੇਰੀ ਸਿੱਖਾ ਤੂੰ ਇਹਨਾਂ ਨੇਤਰਾਂ ਨਾਲ ਬਾਣੀ ਪੜ੍ਹਦਾ ਰਹੇਂਗਾ, ਸਦਾ ਮੇਰੀ ਨਿਗ੍ਹਾ ਹੇਠ ਰਹੇਂਗਾ।

ਇਸ ਵੇਲੇ ਦਸੇ ਪਾਤਸ਼ਾਹੀਆਂ, ਕਲਗੀਧਰ ਸਾਹਿਬ ਜੀ, ਦਾਦੀ ਮਾਂ ਗੁੱਜਰ ਕੌਰ ਜੀ, ਮਾਤਾ ਸਾਹਿਬ ਕੌਰ ਜੀ, ਚਾਰੇ ਸਾਹਿਬਜ਼ਾਦਿਆਂ ਤੋਂ ਇਲਾਵਾ ਬੇਅੰਤ ਸ਼ਹੀਦੀ ਫੌਜਾਂ ਅੰਮ੍ਰਿਤ ਸੰਚਾਰ ਦੀ ਸੇਵਾ ਵਿੱਚ ਗੁਪਤ ਰੂਪ ਵਿੱਚ ਹਾਜ਼ਰ ਹੁੰਦੇ ਹਨ।

ਫਿਰ ਸ੍ਰੀ ਅਕਾਲ ਪੁਰਖ ਜੀ ਪੰਜਾਂ ਪਿਆਰਿਆਂ ਰਾਹੀਂ ਅੰਮ੍ਰਿਤ ਛਕਣ ਲਈ ਆਏ ਪ੍ਰਾਣੀ ਵੱਲ ਬਹੁਤ ਹੀ ਪ੍ਰੇਮ ਨਾਲ ਵੇਖਦੇ ਨੇ ਕਿ ਮੇਰਾ ਇਹ ਬੱਚਾ ਤਾਂ ਦਸਮ ਦੁਆਰ ਦੀ ਖੇਡ ਹੀ ਭੁੱਲ ਚੁੱਕਿਆ। ਸ਼ਬਦ ਵਿੱਚੋਂ ਅਨੰਦ ਹੀ ਭੁੱਲ ਗਿਆ। ਦਸਮ ਦੁਆਰ ਦਾ ਇਹ ਨਾਮ ਹੀ ਭੁੱਲ ਚੁੱਕਿਐ। ਪ੍ਰੇਮ, ਬੈਰਾਗ, ਅੰਮ੍ਰਿਤ ਰਸ, ਅੰਦਰਲਾ ਖੇੜਾ ਜਾਂ ਗੁਰੂ-ਪ੍ਰੇਮ ਵਾਲੀ ਉੱਚੀ ਮਤਿ ਜਿਹੜੀ ਏਹਨੂੰ ਬਖਸ਼ੀ ਸੀ, ਓਹ ਤਾਂ ਇਹਨੇ ਦੁਨੀਆਂਦਾਰੀ ਵਿੱਚ ਉਲਝਕੇ ਭੈੜੀਆਂ ਤੋਂ ਭੈੜੀ ਕਰ ਲਈ ਆ।

ਫਿਰ ਸ੍ਰੀ ਅਕਾਲ ਪੁਰਖ ਵਾਹਿਗੁਰੂ ਜੀ ਪ੍ਰਾਣੀ 'ਤੇ ਬਹੁਤ ਹੀ ਤਰਸ ਖਾ ਕੇ ਪੰਜ ਪਿਆਰੇ ਸਾਹਿਬਾਨ ਰਾਹੀਂ ਅੰਮ੍ਰਿਤ ਛਕਣ ਲਈ ਆਏ ਪ੍ਰਾਣੀ ਨੂੰ "ਬੋਲ ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥" ਕਹਿਕੇ ਪੰਜ ਅੰਮ੍ਰਿਤ ਦੇ ਚੂਲੇ ਓਹਦੇ ਸੀਸ ਵਿੱਚ ਪਾਉਂਦੇ ਤਾਂ ਓਹਦੀ ਜੀਵਾਤਮਾ 'ਤੇ ਬੜੀ ਭਾਰੀ ਬਖਸ਼ਿਸ਼ ਕਰਦਿਆਂ ਹੁਕਮ ਕਰਦੇ ਨੇ ਕਿ, "ਹੁਣ ਤੈਂ ਐਸਾ ਕਛੁ ਵੀ ਨਹੀਂ ਬੋਲਣਾ, ਨਹੀਂ ਖਾਣਾ, ਨਹੀਂ ਵੇਖਣਾ, ਨਹੀਂ ਸੁਣਨਾ, ਜਿਸ ਨਾਲ ਤੇਰੀ ਇਹ ਰੌਸ਼ਨ ਮਤਿ ਫਿਰ ਭੈੜੀ ਹੋ ਜਾਵੇ। ਕਿਸੇ

ਐਸੀ ਥਾਂ ’ਤੇ ਨਹੀਂ ਉਠਣਾ-ਬੈਠਣਾ, ਨਹੀਂ ਖੜ੍ਹਣਾ, ਜਿੱਥੇ ਖੜ੍ਹਣ ਬੈਠਣ ਨਾਲ ਗੁਰੂ ਵਾਲੀ ਮਤਿ ਫਿਰ ਵਿਗੜ ਜਾਵੇ। ਤੇਰਾ ਇਹ ਸੀਸ ਜਿੰਨੀ ਗੁਰਸ਼ਬਦ ਅੱਗੇ ਰਹੇਗਾ, ਦਸਾਂ ਪਾਤਸ਼ਾਹੀਆਂ ਦੇ ਬਖਸ਼ਿਸ਼ਾਂ ਵਾਲੇ ਹੱਥ ਸਦਾ ਤੇਰੇ ਸੀਸ ’ਤੇ ਟਿਕੇ ਰਹਿਣਗੇ। ਜਦੋਂ ਤੈਂ ਇਹੀ ਸੀਸ ਕਿਸੇ ਹੋਰ ਅੱਗੇ ਝੁਕਾ ਲਿਆ ਤਾਂ ਸਮਝ ਲੈਣਾ ਸ੍ਰੀ ਅਕਾਲ ਪੁਰਖ ਵਾਹਿਗੁਰੂ ਜੀ ਨੇ ਦਸਾਂ ਪਾਤਸ਼ਾਹੀਆਂ ਰਾਹੀਂ ਤੇਰੇ ਤੋਂ ਮੁੱਖ ਮੋੜ ਲੈਣਾ। ਫਿਰ ਤੈਨੂੰ ਕਿਤੇ ਢੋਈ ਨਹੀਂ ਮਿਲਣੀ।

ਸਿੱਖਾ ਯਾਦ ਰੱਖੀਂ ਅੰਮ੍ਰਿਤ ਤੋਂ ਮਹਾਨ ਦਾਤ, ਨਾ ਕਿਸੇ ਯੁੱਗ ਵਿੱਚ ਸੀ, ਨਾ ਹੈ ਅਤੇ ਨਾ ਹੀ ਕਿਸੇ ਯੁੱਗ ਵਿੱਚ ਐਸੀ ਦਾਤ ਹੋ ਸਕਦੀ ਹੈ। ਇਹ ਅੰਮ੍ਰਿਤ ਦੇ ਚੂਲੇ ਹੀ ਨਹੀਂ, ਬਲਕਿ ਮੈਂ ਖੁਦ ਇਸ ਅੰਮ੍ਰਿਤ ਰਾਹੀਂ ਤੇਰੇ ਹਿਰਦੇ ਅੰਦਰ, ਤੇਰੇ ਨੇਤਰਾਂ ਅੰਦਰ ਅਤੇ ਤੇਰੀ ਮਤਿ ਅੰਦਰ ਬਿਰਾਜਮਾਨ ਹੋਇਆ ਹਾਂ।

ਜਿੰਨੀ ਦੇਰ ਹੁਕਮ ਵਿੱਚ ਰਹੇਂਗਾ, ਸਾਡੇ ਭਾਣੇ ਵਿੱਚ ਰਹੇਂਗਾ, ਤੇਰਾ ਭਲਾ, ਜਿਸ ਦਿਨ ਹੁਕਮ ਤੋਂ, ਭਾਣੇ ਤੋਂ ਬਾਹਰ ਹੋ ਗਿਆ, ਅੰਮ੍ਰਿਤ ਦੀ ਮਹਾਨਤਾ ਭੁੱਲ ਗਿਐਂ, ਓਸੇ ਦਿਨ ਅਸੀਂ ਤੇਰੇ ਤੋਂ ਓਹਲੇ ਹੋ ਜਾਣਾ।

ਪੰਜ ਚੂਲੇ ਛਕਾ ਕੇ, ਪੰਜ ਚੂਲੇ ਨੇਤਰਾਂ ’ਚ ਅਤੇ ਪੰਜ ਹੀ ਚੂਲੇ ਪ੍ਰਾਣੀ ਦੇ ਸੀਸ ਵਿੱਚ ਪਾ ਕੇ ਸ੍ਰੀ ਅਕਾਲ ਪੁਰਖ ਵਾਹਿਗੁਰੂ ਜੀ ਬਚਨ ਕਰਦੇ ਆ ਕਿ: ਹੁਣ ਤੂੰ ਮੇਰਾ ਪੁੱਤਰ ਬਣ ਗਿਐਂ। ਹੁਣ ਕਦੇ ਤੂੰ ਮੇਰੇ ਤੋਂ ਦੂਰ ਨਹੀਂ ਹੋਂਏਂਗਾ। ਹਾਂ... ਦੂਰ ਓਦੋਂ ਹੀ ਹੋਂਏਂਗਾ, ਜਦੋਂ ਤੇਰੀ ਮਤਿ ਵਿਗੜੇਗੀ। ਤੇਰੀ ਮਤਿ ਉਦੋਂ ਵਿਗੜੇਗੀ, ਜਦੋਂ ਅੰਮ੍ਰਿਤ ਵੇਲੇ ਤੈਨੂੰ ਮੇਰਾ ਨਾਮ ਜਪਣਾ ਭੁੱਲ ਗਿਆ।

ਜਦ ਬਿਨਾਂ ਜਪੇ ਕਛੁ ਵੀ ਖਾਏਂਗਾ, ਕਛੁ ਵੀ ਪੀਂਏਂਗਾ ਤਾਂ ਸਮਝ ਲਈਂ ਤੂੰ ਸਾਨੂੰ ਭੁੱਲ ਗਿਐਂ। ਜਦੋਂ ਵੀ ਤੂੰ ਕੀਰਤਨ ਛੱਡਕੇ ਕਛੁ ਹੋਰ ਸੁਣੇਂਗਾ, ਬਾਣੀ ਛੱਡਕੇ ਕਛੁ ਹੋਰ ਪੜੇਂਗਾਂ, ਤਾਂ ਪਹਿਲਾਂ ਤੇਰੇ ਅੰਦਰੋਂ ਮੇਰਾ ਡਰ ਮੁੱਕੇਗਾ, ਫਿਰ ਤੇਰੀ ਮਤਿ ਵਿਗੜੂ, ਨਾਲ ਹੀ ਤੂੰ ਸਾਨੂੰ ਭੁੱਲ ਜਾਏਂਗਾ।

ਸ੍ਰੀ ਅਕਾਲ ਪੁਰਖ ਵਾਹਿਗੁਰੂ ਜੀ ਬਚਨ ਕਰਦੇ ਨੇ ਕਿ ਹੁਣ ਅਸੀਂ ਅੰਮ੍ਰਿਤ ਦੇ ਪੰਜ ਚੂਲੇ ਤੇਰੇ ਦਸਮ ਦੁਆਰ ਵਿੱਚ ਪਾ ਕੇ ਤੇਰੀ ਵਿਗੜੀ ਭੈੜੀ ਮਤਿ ਨੂੰ ਉਜਲ ਰੌਸ਼ਨ ਕਰ ਦਿੱਤਾ ਹੈ। ਯਾਦ ਰੱਖੀਂ ਹੁਣ ਜਿਹੜਾ ਤੈਂ ਅੰਮ੍ਰਿਤ ਘੁੱਟ ਘੁੱਟ ਕਰਕੇ ਛਕਿਆ, ਇਹ ਸਾਡੇ ਤੇਜ਼ ਪ੍ਰਕਾਸ਼ ਵਿੱਚੋਂ, ਖਾਲਸੇ ਦੇ ਖੰਡੇ ਨਾਲ ਪ੍ਰਗਟ ਹੋਇਆ ਸ਼ਬਦ ਰਾਹੀਂ ਛਕਿਆ। ਮੈਂ ਵੀ ਪ੍ਰਕਾਸ਼ ਹੀ ਹਾਂ ਤੇ ਤੈਨੂੰ ਅਸੀਂ ਇਹ ਅੰਮ੍ਰਿਤ

ਛਕਾ ਕੇ, ਤੇਰੇ ਅੰਦਰ ਵੀ ਪ੍ਰਕਾਸ਼ ਹੀ ਪ੍ਰਕਾਸ਼ ਭਰ ਦਿੱਤਾ ਹੈ। ਹੁਣ ਜਦ ਵੀ ਤੂੰ ਬੈਠਕੇ ਵਾਹਿਗੁਰੂ ਸਿਮਰਨ ਕਰੇਂਗਾ ਤਾਂ ਅਸੀਂ ਤੈਨੂੰ ਇਸੇ ਪ੍ਰਕਾਸ਼ ਰੂਪ ਵਿੱਚ ਹੀ ਮਿਲਾਂਗੇ।

**ਪੰਜ ਪਿਆਰੇ ਸਾਹਿਬਾਨ ਜੀ ਲਈ ਸ੍ਰੀ ਅਕਾਲ ਪੁਰਖ ਜੀ ਦੇ ਬਚਨ:**

ਸ੍ਰੀ ਅਕਾਲ ਪੁਰਖ ਜੀ ਪ੍ਰਾਣੀ ਨੂੰ ਬਚਨ ਕਰਦੇ ਨੇ ਕਿ: ਮੇਰੇ ਘਰ ਅੰਦਰ ਜਿੰਨੀ ਵੀ ਭਗਤੀ ਸੀ, ਸ਼ਕਤੀ ਸੀ; ਉਹ ਮੈਂ ਸਾਰੀ ਦੀ ਸਾਰੀ ਦੁਸਟ ਦਮਨ (ਜੀ) ਨੂੰ ਸੌਂਪੀ ਹੋਈ ਆ। ਮੇਰੇ ਹੁਕਮ ’ਤੇ ਹੀ ਤਾਂ ਦੁਸਟ ਦਮਨ (ਜੀ) ਨੇ ਪੰਜ ਪਿਆਰੇ ਪ੍ਰਗਟ ਕੀਤੇ। ਸੰਸਾਰ ਦੇ ਪਰਉਕਾਰ ਵਾਸਤੇ ਉਹਨਾਂ ਵਿੱਚ ਭਗਤੀ-ਸ਼ਕਤੀ ਵੰਡੀ।

ਗੁਰੂ ਗੋਬਿੰਦ ਸਿੰਘ ਜੀ ਦੇ ਸਾਜੇ ਪੰਜਾਂ ਪਿਆਰਿਆਂ ਕੋਲ ਜਿੰਨੀ ਵੀ ਭਗਤੀ-ਸ਼ਕਤੀ ਹੈ, ਉਹ ਹੈ ਤਾਂ ਸਾਰੀ ਮੇਰੀ ਪਾਰਬ੍ਰਹਮ ਪਰਮੇਸ਼ਰ ਦੀ ਹੀ ਹੈ, ਪਰ ਪੰਜਾਂ ਪਿਆਰਿਆਂ ਨੂੰ ਉਹ ਭਗਤੀ-ਸ਼ਕਤੀ ਦਿੱਤੀ ਮੈਂ ਗੁਰ ਪਰਮੇਸ਼ਰ ਗੁਰੂ ਗੋਬਿੰਦ ਸਿੰਘ (ਜੀ) ਰਾਹੀਂ ਹੈ। ਇਸ ਯੁੱਗ ਅੰਦਰ ਪੰਜਾਂ ਪਿਆਰਿਆਂ ਦੇ ਬਰਾਬਰ ਨਾ ਮੈਂ ਕਿਸੇ ਨੂੰ ਰੱਖਿਆ ਸੀ, ਨਾ ਕੋਈ ਹੁਣ ਹੈ ਅਤੇ ਨਾ ਹੀ ਆਉਣ ਵਾਲੇ ਯੁੱਗਾਂ ਵਿੱਚ ਪੰਜਾਂ ਪਿਆਰਿਆਂ ਦੇ ਵਰਗਾ ਮੈਂ ਕਿਸੇ ਹੋਰ ਨੂੰ ਬਣਾਉਣਾ ਹੈ।

ਪੰਜ ਪਿਆਰੇ ਮੈਂ ਇੱਕ ਦੋ ਯੁੱਗ ਲਈ ਨਹੀਂ ਸਾਜੇ, ਇਹ ਓਨੀ ਦੇਰ ਸਜੇ ਰਹਿਣਗੇ, ਜਿੰਨੀ ਦੇਰ ਸਾਰੇ ਸੰਸਾਰ ਨੂੰ ਮੈਂ ਪੰਜਾਂ ਪਿਆਰਿਆਂ ਰਾਹੀਂ ਅੰਮ੍ਰਿਤ ਛਕਾਕੇ ਆਪਣੇ ਸਰੂਪ ਵਿੱਚ ਅਭੇਦ ਨਹੀਂ ਕਰ ਲੈਂਦਾ। ਖਾਲਸਾ ਸਾਰਿਆਂ ਨੂੰ ਸਜਣਾ ਹੀ ਪੈਣਾ, ਜਿੰਨੀ ਜਲਦੀ ਸਾਰੇ ਖਾਲਸਾ ਸਜ ਜਾਣਗੇ, ਓਨੀ ਜਲਦੀ ਹੀ ਮੈਂ ਉਹਨਾਂ ਤੋਂ ਗੁਰਸ਼ਬਦ ਦੀ ਕਮਾਈ ਕਰਵਾਕੇ ਆਪਣੇ ਸਰੂਪ ਵਿੱਚ ਅਭੇਦ ਕਰ ਲੈਣਾ ਹੈ।

ਗੁਰੂ ਗੋਬਿੰਦ ਸਿੰਘ (ਜੀ) ਵੱਲੋਂ ਸਾਜੇ ਪੰਜਾਂ ਪਿਆਰਿਆਂ ਨੂੰ ਮੈਂ ਐਨਾ ਕੁ ਸਮਰੱਥ ਬਣਾਇਆ ਹੋਇਆ ਕਿ ਪੰਜ ਪਿਆਰੇ ਪ੍ਰਾਣੀ ਦੇ ਵੱਡੇ ਤੋਂ ਵੱਡੇ ਗੁਨਾਹਾਂ ਦੀਆਂ ਸਜ਼ਾਵਾਂ ਲਾ ਕੇ, ਮੁਆਫ ਕਰ ਸਕਦੇ ਨੇ। ਅੰਮ੍ਰਿਤ ਸੰਚਾਰ ਵਿੱਚ ਜਿਸ ਨੂੰ ਪੰਜ ਪਿਆਰਿਆਂ ਨੇ ਮੁਆਫ ਕਰ ਦਿੱਤਾ, ਸਮਝੋ ਉਸਨੂੰ ਪਾਰਬ੍ਰਹਮ ਪਰਮੇਸ਼ਰ ਨੇ ਮੁਆਫ ਕਰ ਦਿੱਤਾ। ਪੰਜਾਂ ਪਿਆਰਿਆਂ ਵੱਲੋਂ ਦਿੱਤੀ ਮੁਆਫੀ ਮੇਰੇ ਵੱਲੋਂ ਹੀ ਦਿੱਤੀ ਮੁਆਫੀ ਜਾਨਣੀ। ਪੰਜਾਂ ਪਿਆਰਿਆਂ ਵੱਲੋਂ ਲਗਾਈ ਸਜ਼ਾ ਵੀ ਮੇਰੇ ਵੱਲੋਂ ਲਗਾਈ ਸਜ਼ਾ ਤਨਖਾਹ ਰੂਪ ਕਰਕੇ ਜਾਨਣੀ।

ਜਿਹੜੇ ਜੀਵ ਆਪਣੇ ਕੀਤੇ ਗੁਨਾਹਾਂ ਦਾ ਪਛਤਾਵਾ ਕਰਕੇ ਪੰਜਾਂ ਪਿਆਰਿਆਂ ਕੋਲੋਂ ਅੰਮ੍ਰਿਤ ਦੀ ਦਾਤ ਲੈਣ ਲਈ ਆਉਂਦੇ ਨੇ, ਸਮਝੋ ਉਹ ਜਨਮਾਂ ਜਨਮਾਂ ਦੀਆਂ ਭੁੱਲਾਂ ਹੀ ਬਖਸ਼ਾਉਣ ਆਉਂਦੇ ਨੇ। ਉਦੋਂ ਪ੍ਰਾਣੀ ਦੇ ਜਿਹੜੇ ਗੁਨਾਹ ਪੰਜਾਂ ਪਿਆਰਿਆਂ ਨੇ ਬਖਸ਼ ਲਏ, ਸਮਝੋ ਪਾਰਬ੍ਰਹਮ ਪਰਮੇਸ਼ਰ ਨੇ ਵੀ ਬਖਸ਼ ਲਏ। ਜਿਹਨਾਂ ਨੂੰ ਪੰਜਾਂ ਪਿਆਰਿਆਂ ਨੇ ਮੁਆਫ ਕਰ ਦਿੱਤਾ, ਸਮਝੋ ਮੈਂ ਵੀ ਮੁਆਫ ਕਰ ਦਿੱਤਾ।

ਸਮਾਂ ਆਏਗਾ ਜਦੋਂ ਮੈਂ ਸਾਰੇ ਸੰਸਾਰ ’ਚੋਂ ਦੰਭੀ ਪਖੰਡੀ ਸਾਰਿਆਂ ਨੂੰ ਸਜ਼ਾਵਾਂ ਦੇ ਕੇ ਖਤਮ ਕਰ ਦੇਣੇ ਆ। ਉਦੋਂ ਫਿਰ ਪੰਜ ਪਿਆਰੇ ਹੀ ਭਗਵੰਤ ਰੂਪ ਹੋ ਕੇ ਸਾਰੇ ਜਗਤ ਨੂੰ ਮੇਰਾ ਨਾਮ ਵਾਹਿਗੁਰੂ ਜਪਾਉਣਗੇ। ਰਾਜ ਉਦੋਂ ਖਾਲਸੇ ਦਾ ਹੋਏਗਾ, ਜਦੋਂ ਸਾਰਾ ਸੰਸਾਰ ਖਾਲਸੇ ਦੇ ਖੰਡੇ ਦਾ ਅੰਮ੍ਰਿਤ ਛਕ ਕੇ ਵਾਹਿਗੁਰੂ ਵਾਹਿਗੁਰੂ ਜਪਣ ਲੱਗ ਜਾਏਗਾ।

-0-

ਸੱਚਖੰਡ ਤੋਂ ਸ੍ਰੀ ਅਕਾਲ ਪੁਰਖ ਵਾਹਿਗੁਰੂ ਜੀ ਪਾਸੋਂ ਪੰਜਾਂ ਪਿਆਰਿਆਂ ਰਾਹੀਂ ਅੰਮ੍ਰਿਤ ਦੀ ਦਾਤ ਲੈ ਕੇ ਪ੍ਰਾਣੀ ਸੰਗਤ ਦੇ ਇੱਕ ਪਾਸੇ ਹੋ ਕੇ ਚੌਂਕੜਾ ਲਗਾਕੇ ਜਦ ਵਾਹਿਗੁਰੂ ਵਾਹਿਗੁਰੂ ਜਪਣਾ ਸ਼ੁਰੂ ਕਰਦਾ, ਤਾਂ ਸ਼ੁਕਰਾਨੇ ਵਿੱਚ ਓਹਦੇ ਨੈਣ ਨੀਰ ਨਾਲ ਭਰੇ ਪਏ ਹੁੰਦੇ ਨੇ। ਵਾਹਿਗੁਰੂ ਤੇਰਾ ਸ਼ੁਕਰ। ਤੇਰਾ ਹੀ ਸ਼ੁਕਰ ਵਾਹਿਗੁਰੂ। ਬੱਸ ਓਹਦੇ ਮੁੱਖੋਂ ਇਹੀਓ ਨਿੱਕਲੀ ਜਾ ਰਿਹਾ।

**ਬਚਨ ਸ੍ਰੀ ਅਕਾਲ ਪੁਰਖ ਵਾਹਿਗੁਰੂ ਜੀ ਅਕਾਸ਼ਬਾਣੀ ਰਾਹੀਂ:** ਇੰਨੇ ਨੂੰ ਇੱਕ ਤੇਜ਼ ਪ੍ਰਕਾਸ਼ ਦੀ ਇੱਕ ਕਿਰਨ ਅੰਮ੍ਰਿਤ ਛਕਣ ਵਾਲੇ ਪ੍ਰਾਣੀ ਦੀਆਂ ਅੱਖਾਂ ਵਿੱਚ ਵੱਜਦੇ ਸਾਰ, ਓਹਦੇ ਕੰਨਾਂ ਵਿੱਚ ਆਵਾਜ਼ ਪੈਂਦੀ ਆ ਕਿ: ਪਤਾ ਨਹੀਂ ਕਿੰਨੇ ਕਰੋੜ ਜਨਮ ਤੂੰ ਏਹੀ ਕਹਿੰਦਾ ਰਿਹਾ ਕਿ, ਮੇਰੀ ਕੀਤੀ ਸੇਵਾ ਦਰ ਪ੍ਰਵਾਨ ਕਰਿਓ। ਮੇਰੀ ਕੀਤੀ ਸੇਵਾ ਦਰ ਪ੍ਰਵਾਨ ਕਰਿਓ। ਤੇਰੇ ਕਰੋੜਾਂ ਜਨਮਾਂ ਦੀ ਕੀਤੀ ਸੇਵਾ ਅੱਜ ਮੇਰੇ ਦਰ ਪ੍ਰਵਾਨ ਹੋਈ ਆ। ਮੈਂ ਤੇਰੇ ਕੋਲੋਂ ਜਿਹੜੀ ਕਰੋੜਾਂ ਜਨਮ ਬੰਦਗੀ ਕਰਵਾਈ, ਉਹ ਸਾਰੀ ਬੰਦਗੀ ਅੰਮ੍ਰਿਤ ਦੀਆਂ ਇਹਨਾਂ ਪੰਜ ਘੁੱਟਾਂ ਵਾਸਤੇ ਹੀ ਕਰਵਾਈ ਸੀ, ਜਿਹੜੀਆਂ ਅੱਜ ਕਰੋੜਾਂ ਜਨਮਾਂ ਬਾਅਦ ਤੇਰੇ ਮੁੱਖ ਅੰਦਰ ਗਈਆਂ ਨੇ।

ਪੰਜ ਪਿਆਰਿਆਂ ਨੂੰ ਵੀ ਕਦੇ ਕੋਈ ਆਮ ਸਰੀਰ ਨਾ ਸਮਝਣਾ। ਇਸ ਸੇਵਾ ਲਈ ਮੈਂ ਇਹਨਾਂ ਕੋਲੋਂ ਵੀ ਕਰੋੜਾਂ ਜਨਮ ਦਿਨ ਪੁਰ ਰਾਤ ਬੰਦਗੀ ਕਰਵਾਈ। ਭਾਵੇਂ ਪੰਜ ਪਿਆਰੇ ਆਮ ਦੁਨੀਆਂ ਵਿੱਚ

ਵਿਚਰਦੇ ਆਮ ਸਰੀਰ ਹੁੰਦੇ ਨੇ, ਪਰ ਸੇਵਾ ਵਿੱਚ ਮੈਂ ਇਹਨਾਂ ਦੇ ਸਰੀਰਾਂ ਨੂੰ ਸ਼ਬਦ ਰੂਪ ਕਰਕੇ ਸੂਖਮ ਕਰ ਲੈਂਦਾ ਹਾਂ। ਸ਼ਬਦ ਦੀ ਸੇਵਾ ਕਰਨ ਵਾਲਿਆਂ ਨੂੰ ਕਦੇ ਵੀ ਆਮ ਹੀ ਸਰੀਰ ਨਾ ਸਮਝਣਾ।

ਪਹਿਲਾਂ ਮੈਂ ਆਪਣੇ ਤੇਜ ਪ੍ਰਕਾਸ਼ ਵਿੱਚੋਂ ਗੁਰੂ ਗੋਬਿੰਦ ਸਿੰਘ ਨੂੰ ਆਪਣਾ ਪੁੱਤਰ ਸਾਜ ਕੇ ਪ੍ਰਗਟ ਕੀਤਾ। ਫਿਰ ਗੁਰੂ ਗੋਬਿੰਦ ਸਿੰਘ ਨੂੰ ਜਦ ਖਾਲਸਾ ਪ੍ਰਗਟ ਕਰਨ ਦਾ ਹੁਕਮ ਕੀਤਾ ਤਾਂ ਉਹਨਾਂ ਨੇ ਪੰਜ ਪਿਆਰੇ ਪ੍ਰਗਟ ਕੀਤੇ। ਪੰਜ ਪਿਆਰੇ ਵੀ ਮੇਰੀ ਮੌਜ ਵਿੱਚੋਂ ਹੀ ਖਾਲਸਾ ਬਣਕੇ ਪ੍ਰਗਟ ਹੋਏ ਨੇ। ਪੰਜ ਪਿਆਰੇ ਅਤੇ ਗੁਰੂ ਗੋਬਿੰਦ ਸਿੰਘ (ਜੀ) ਸ਼ੁਰੂ ਤੋਂ ਇਕੱਠੇ ਆ ਰਹੇ ਅਤੇ ਜਿੰਨੀ ਦੇਰ ਸਾਰਾ ਸੰਸਾਰ ਅੰਮ੍ਰਿਤ ਛਕਕੇ ਮੇਰੇ ਵਿੱਚ ਸਮਾ ਨਹੀਂ ਜਾਂਦਾ, ਪੰਜ ਪਿਆਰੇ ਅਤੇ ਗੁਰੂ ਗੋਬਿੰਦ ਸਿੰਘ ਇਕੱਠੇ ਹੀ ਰਹਿਣਗੇ।

-0-

ਅੰਮ੍ਰਿਤ ਛਕਣ ਵਾਲਾ ਇਹ ਸੁਣਕੇ ਜਦ ਅੱਖਾਂ ਖੋਲ੍ਹਕੇ ਸਾਹਮਣੇ ਪੰਜ ਪਿਆਰੇ ਸਾਹਿਬਾਨ ਦੇ ਦਰਸ਼ਨ ਕਰਦਾ ਹੈ ਤਾਂ ਵਾਰ ਵਾਰ ਉਹਦਾ ਸੀਸ ਪੰਜ ਪਿਆਰਿਆਂ ’ਤੇ ਚਰਨਾਂ ’ਚ ਝੁਕਦਾ ਹੈ। ਹੁਣ ਛਕਣ ਵਾਲਾ ਐਨੇ ਕੁ ਬੈਰਾਗ ਵਿੱਚ ਹੁੰਦਾ ਹੈ ਕਿ ਉਹਦੇ ਕੋਲੋਂ ਵਾਹਿਗੁਰੂ ਵੀ ਬੋਲ ਨਹੀਂ ਹੁੰਦਾ। ਹੁਣ ਤਾਂ ਉਹਨੂੰ ਇਹ ਵੀ ਨਹੀਂ ਪਤਾ ਲਗਦਾ ਕਿ ਉਹ ਕਿਹੜੇ ਮੰਡਲਾਂ ਵਿੱਚ ਜਾ ਬੈਠਦਾ ਹੈ।

ਛਕਣ ਵਾਲਾ ਤਾਂ ਕੁਝ ਪਲਾਂ ਅੰਦਰ ਹੀ ਪ੍ਰਕਾਸ਼ ਦੀਆਂ ਕਿਰਨਾਂ ਵਿੱਚ ਨੂਰੋ ਨੂਰ ਹੋ ਕੇ ਸੱਚਖੰਡ ਦੀਆਂ ਸੈਰਾਂ ਕਰਨ ਲਗਦਾ ਹੈ। ਜਿੱਥੇ ਵੀ ਸ੍ਰੀ ਅਕਾਲ ਪੁਰਖ ਜੀ ਪੰਜ ਪਿਆਰੇ ਸਾਹਿਬਾਨ ਰਾਹੀਂ ਅੰਮ੍ਰਿਤ ਦੀ ਦਾਤ ਬਖਸ਼ਿਸ਼ ਕਰਦੇ ਹਨ ਤਾਂ ਉਹ ਜਗ੍ਹਾ, ਉਹ ਧਰਤੀ ਵੀ ਸੱਚਖੰਡ ਬਣ ਜਾਂਦੀ ਹੈ।

ਹੁਣ ਪ੍ਰਾਣੀ ਸੱਚਖੰਡ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਸ਼ਬਦ ਗੁਰੂ ਅੱਗੇ ਡਿੱਗਕੇ ਰੋਜ਼ਾਨਾ ਦੋ ਵੇਲੇ ਸ਼ੁਕਰਾਨਾ ਕਰਦਿਆਂ ਬੋਲਦਾ ਪਿਆ ਹੈ: ਸਤਿਗੁਰੂ ਤੇਰਾ ਸ਼ੁਕਰ, ਸਤਿਗੁਰੂ ਤੇਰਾ ਸ਼ੁਕਰ, ਤੈਂ ਅੱਜ ਆਪਣੇ ਬੱਚੇ ’ਤੇ ਬੜੀ ਭਾਰੀ ਕ੍ਰਿਪਾ ਕੀਤੀ, ਅੰਮ੍ਰਿਤ ਦੀ ਦਾਤ ਬਖਸ਼ੀ। ਅੰਮ੍ਰਿਤ ਦੀ ਦਾਤ ਹੀ ਨਹੀਂ, ਤੁਸੀਂ ਤਾਂ ਅੱਜ ਮੈਨੂੰ ਆਪਣਾ ਰੂਪ ਸਰੂਪ ਵੀ ਬਖਸ਼ ਦਿੱਤਾ। ਸਤਿਗੁਰੂ ਤੇਰਾ ਸ਼ੁਕਰ। ਸਤਿਗੁਰੂ ਤੇਰਾ ਸ਼ੁਕਰ। ਕ੍ਰਿਪਾ ਰੱਖੀਂ ਇਹ ਸੱਚਖੰਡ ਤੋਂ ਬਖਸ਼ੀ ਸਿੱਖੀ ਹੁਣ ਕੇਸਾਂ ਸੁਆਸਾਂ ਸੰਗ ਨਿਭ ਜਾਵੇ।

ਜਦ ਅੰਮ੍ਰਿਤ ਸੰਚਾਰ ਵਾਲੇ ਅਸਥਾਨ ਪਰ ਮਿੱਠੀ-ਮਿੱਠੀ ਧੁਨ ਵਿੱਚ ਨਿਰੰਤਰ ਵਾਹਿਗੁਰੂ ਸਿਮਰਨ ਚਲਦਾ ਹੈ ਤਾਂ ਸੱਚ ਜਾਣਿਓ ਬਿਲਕੁੱਲ ਸੱਚਖੰਡ ਦਾ ਹੀ ਮਾਹੌਲ ਬਣ ਜਾਂਦਾ ਹੈ। ਅੰਮ੍ਰਿਤ ਛਕਣ ਲਈ

ਆਇਆ ਪ੍ਰਾਣੀ ਸ੍ਰੀ ਅਕਾਲ ਪੁਰਖ ਜੀ ਪਾਸੋਂ, ਪੰਜ ਪਿਆਰੇ ਸਾਹਿਬਾਨ ਰਾਹੀਂ ਗੁਰੂ ਗੋਬਿੰਦ ਸਿੰਘ ਜੀ ਦੀ ਹਾਜ਼ਰੀ ਵਿੱਚ, ਪੰਜ ਅੰਮ੍ਰਿਤ ਦੇ ਚੂਲੇ ਛਕਕੇ, ਪੰਜ ਅੰਮ੍ਰਿਤ ਚੂਲੇ ਨੇਤਰਾਂ ਵਿੱਚ ਅਤੇ ਪੰਜ ਅੰਮ੍ਰਿਤ ਦੇ ਚੂਲੇ ਬਖਸ਼ਿਸ਼ ਰੂਪ ਵਿੱਚ ਆਪਣੇ ਸੀਸ ਵਿੱਚ ਪਵਾਕੇ ਸੰਗਤ ਵਿੱਚ ਆ ਬੈਠਕੇ ਚੌਂਕੜਾ ਲਗਾਕੇ ਐਸਾ ਵਾਹਿਗੁਰੂ ਸਿਮਰਨ ਸ਼ੁਰੂ ਕਰਦਾ ਹੈ ਕਿ ਓਹਦੇ ਸਿਮਰਨ ਨਾਲ ਅੰਮ੍ਰਿਤ ਸੰਚਾਰ ਵਾਲੇ ਅਸਥਾਨ ਅੰਦਰੋਂ ਸਿਮਰਨ ਦੀਆਂ ਦਰਗਾਹੀ ਧੁਨਾਂ ਸੁਣਾਈ ਦੇਣ ਲੱਗਦੀਆਂ ਹਨ।

ਕਈ ਵਾਰ ਤਾਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨ ਆਏ ਪ੍ਰਾਣੀ ਐਨੇ ਪ੍ਰੇਮ 'ਚ, ਬੈਰਾਗ ਵਿੱਚ ਭਿੱਜ ਕੇ ਚੂਲੇ ਲੈਂਦੇ ਨੇ ਕਿ ਓਹ ਅੰਦਰ ਪ੍ਰਕਾਸ਼ ਤੱਕ ਦੇ ਦਰਸ਼ਨ ਪ੍ਰਾਪਤ ਕਰ ਲੈਂਦੇ ਨੇ। ਇਹ ਸਾਰੀ ਖੇਡ ਅੰਮ੍ਰਿਤ ਦੇ ਚੂਲੇ ਲੈਣ ਤੋਂ ਬਾਅਦ ਹੁੰਦੇ ਸਿਮਰਨ ਦੌਰਾਨ ਹੀ ਵਾਪਰਦੀ ਹੈ। ਕਈ ਅੰਮ੍ਰਿਤ ਸੰਚਾਰ ਤਾਂ ਐਸੇ ਵੀ ਹੋਏ ਹਨ, ਜਿੱਥੇ ਕੰਧਾਂ ਵਿੱਚੋਂ ਵੀ ਅੰਮ੍ਰਿਤ ਚੋਣ ਲੱਗ ਜਾਂਦਾ ਸੀ। ਬੜੀਆਂ ਐਸੀਆਂ ਰੂਹਾਂ ਨੇ, ਜਿਹਨਾਂ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਦਿਆਂ ਕਲਗੀਧਰ ਸਾਹਿਬ ਜੀ ਦੇ ਝਲਕਾਰੇ ਤੱਕ ਤੱਕੇ ਨੇ।

ਪ੍ਰਾਣੀ ਸਿਮਰਨ ਵਿੱਚ ਪੂਰਾ ਲੀਨ ਹੁੰਦਾ ਹੈ। ਪ੍ਰਾਣੀ ਦੀ ਸੁਰਤੀ ਦੀ ਤਾਰ ਸਿਮਰਨ ਨਾਲ ਜੁੜੀ ਹੋਈ ਹੈ। **ਇੰਨੇ ਨੂੰ ਫਿਰ ਸ੍ਰੀ ਅਕਾਲ ਪੁਰਖ ਜੀ ਦੇ ਬਚਨ ਆਉਂਦੇ ਕਿ,** ਇਹ ਹੁਣ ਜਿਹੜੇ ਪੰਜ ਪਿਆਰੇ ਤੂੰ ਬਾਹਰ ਵੇਖ ਰਿਹਾਂ, ਹੁਣ ਤੈਂ ਅੰਮ੍ਰਿਤ ਛਕ ਲਿਐ, ਹੁਣ ਜਿਵੇਂ ਜਿਵੇਂ ਤੂੰ ਗੁਰਸ਼ਬਦ ਦੀ ਕਮਾਈ ਕਰੇਂਗਾ, ਇਹੀਓ ਪੰਜ ਪਿਆਰੇ ਤੇਰੇ ਅੰਦਰੋਂ ਪ੍ਰਗਟ ਹੋ ਜਾਣਗੇ।

ਸਭ ਤੋਂ ਪਹਿਲਾਂ ਤੇਰੇ ਅੰਦਰ ਦਇਆ ਆਏਗੀ। ਜਦ ਤੇਰਾ ਅੰਦਰ ਦਇਆ ਨਾਲ ਭਰ ਗਿਆ ਤਾਂ ਸਮਝ ਲੈਣਾ ਭਾਈ ਦਇਆ ਸਿੰਘ (ਜੀ) ਤੇਰੇ ਅੰਦਰ ਪ੍ਰਗਟ ਹੋ ਗਏ ਨੇ। ਦਇਆ ਤੋਂ ਬਾਅਦ ਤੇਰੇ ਅੰਦਰ ਧਰਮ ਪੈਦਾ ਹੋਵੇਗਾ। ਧਰਮ ਹੀ ਤੇਰੇ ਅੰਦਰ ਸਿਰੇ ਦੀ ਐਸੀ ਹਿੰਮਤ ਪੈਦਾ ਕਰੇਗਾ ਕਿ ਜੇ ਕਦੇ ਅਸੀਂ ਤੇਰਾ ਸਿਰ ਲੈਣਾ ਚਾਹਿਆ, ਤੇਰੀ ਸ਼ਹਾਦਤ ਲੈਣੀ ਚਾਹੀ ਤਾਂ ਤੂੰ ਡੋਲੇਂਗਾ ਨਹੀਂ। ਇੰਜ ਤੇਰੇ ਅੰਦਰ ਸਿੰਘ ਭਾਈ ਧਰਮ ਸਿੰਘ (ਜੀ) ਅਤੇ ਭਾਈ ਹਿੰਮਤ ਸਿੰਘ (ਜੀ) ਪ੍ਰਗਟ ਹੋ ਜਾਣਗੇ। ਜਦੋਂ ਤੇਰੇ ਅੰਦਰੋਂ ਸਾਰੇ ਦੁਨਿਆਵੀ ਮੋਹ ਖਤਮ ਹੋ ਜਾਣਗੇ ਤਾਂ ਉਦੋਂ ਫਿਰ ਤੂੰ ਮੋਹਕਮ ਤੋਂ ਸਾਹਿਬ ਬਣਕੇ ਮੇਰਾ ਰੂਪ ਹੋ ਕੇ ਗੁਰੂ ਗੋਬਿੰਦ ਸਿੰਘ (ਜੀ) ਦੇ ਵਿੱਚ ਹੀ ਸਮਾ ਜਾਏਂਗਾ। ਇੰਜ ਤੇਰੇ ਅੰਦਰ ਭਾਈ ਮੋਹਕਮ ਸਿੰਘ (ਜੀ) ਅਤੇ ਭਾਈ ਸਾਹਿਬ ਸਿੰਘ (ਜੀ) ਪ੍ਰਗਟ ਹੋ ਜਾਣਗੇ।

ਇਸ ਸੰਸਾਰ ਅੰਦਰ ਅੰਮ੍ਰਿਤ ਦੇ ਚੂਲੇ ਵਰਤਾਉਣ ਦੀ ਮਹਾਨ ਸੇਵਾ ਸਿਰਫ ਪੰਜ ਪਿਆਰੇ ਸਾਹਿਬਾਨ ਹੀ ਨਿਭਾਉਂਦੇ ਹਨ। ਤਖਤ ਸਾਹਿਬਾਨਾਂ ਉਪਰ ਕੋਈ ਵੀ ਸੇਵਾਦਾਰ ਚੂਲੇ ਵਰਤਾਉਣ ਵੇਲੇ ਨਾ ਤਾਂ ਪੰਜ ਪਿਆਰੇ ਸਾਹਿਬਾਨ ਜੀ ਦੇ ਕੋਲ ਕਦੇ ਕੋਈ ਹੁੰਦਾ ਸੀ, ਨਾ ਕੋਈ ਹੁਣ ਹੁੰਦਾ ਹੈ ਅਤੇ ਨਾ ਹੀ ਕੋਈ ਆਉਣ ਵਾਲੇ ਸਮੇਂ ਵਿੱਚ ਕਦੇ ਹੋਵੇਗਾ। ਇਹ ਮਹਾਨ ਸੇਵਾ ਸਿਰਫ ਤੇ ਸਿਰਫ ਪੰਜ ਪਿਆਰੇ ਸਾਹਿਬਾਨ ਹੀ ਨਿਭਾਉਂਦੇ ਹਨ।